بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.05.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਮੁਕੱਰਮ ਜ਼ੁਲਫ਼ਿਕਾਰ ਅਹਮਦ ਡਾਮਾਨਕ ਸਾਹਬ ਇੰਡੋਨੇਸ਼ੀਆ, ਡਾਕਟਰ ਪੀਰ ਮੁਹਮੱਦ ਨਕੀਉਦੀਨ ਸਾਹਬ ਪਾਕਿਸਤਾਨ ਅਤੇ ਮੁਕਰੱਮ ਗ਼ੁਲਾਮ ਮੁਸਤਫ਼ਾ ਸਾਹਬ ਲੰਦਨ ਦਾ ਜ਼ਿਕਰੇ ਖ਼ੈਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 01 ਮਈ 2020 ਈ. ਨੂੰ ਮਸਜਿਦ ਮੁਬਾਰਕ, ਇਸਲਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ اما بعد فاعوذ بالله من الشيطٰن الرجيم۔ بِسْمِ اللّٰهِ الرَّحْمٰنِ الرَّحِيمِ۔ اَلْحَمْدُ لِلّٰهِ رَبِّ الْعَالَمِينَ۔ الرَّحْمٰنِ الرَّحِيمِ۔ مَالِكِ يَوْمِ الدِّينِ۔ إِيَّاكَ نَعْبُدُ وَإِيَّاكَ نَسْتَعِينُ۔ اِهْدِنَا الصِّرَاطَ الْمُسْتَقِيمَ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ੱਹੁਦ, ਤਊਜ਼, ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਇਸ ਸਮੇਂ ਮੈਂ ਕੁਝ ਮਰਹੂਮਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਇਹਨਾਂ ਵਿੱਚੋਂ ਹਰ ਇਕ ਆਪਣੇ ਪੇਸ਼ੇ ਨਾਲ ਸੰਬੰਧਤ ਸੀ । ਵੱਖ ਵੱਖ ਕੰਮ ਤੇ ਮਸਰੂਫ਼ੀਯਤ ਸੀ ਵਿਦਿਅਕ ਮਿਆਰ ਭਿੰਨ੍ਹ ਸਨ, ਪਰ ਇਕ ਚੀਜ਼ ਸਾਂਝੀ ਸੀ ਕਿ ਦੀਨ (ਧਰਮ) ਨੂੰ ਦੁਨੀਆ ਉਪੱਰ ਪਹਿਲ ਦੇਣ ਦੇ ਬੈਅਤ ਦੇ ਪ੍ਰਣ ਨੂੰ ਆਪਣੀ ਸਮਰਥਾ ਅਨੁਸਾਰ ਨਿਭਾਉਣ ਵਾਲੇ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹੱਕ ਪੂਰਾ ਕਰਨ ਵਾਲੇ, ਖ਼ਿਲਾਫ਼ਤੇ ਅਹਮਦੀਆ ਨਾਲ ਪੂਰਨ ਵਫ਼ਾਦਾਰੀ ਤੇ ਨੇਕੀ ਨਾਲ ਸੰਬੰਧ ਰਖੱਣ ਵਾਲੇ, ਰੱਬ ਦੀ ਮਖ਼ਲੂਕ ਦੇ ਹੱਕ ਪੂਰੇ ਕਰਨ ਵਾਲੇ, ਅਤੇ ਇਹ ਗੱਲ ਸਾਬਤ ਕਰਨ ਵਾਲੇ ਸਨ ਕਿ ਇਸਲਾਮ ਦੀ ਜਿਸ ਸੁੰਦਰ ਸੀਖ ਸਿੱਖਿਆ'ਤੇ ਅਮਲ ਕਰਾਉਣ ਲਈ ਰੱਬ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਨੂੰ ਭੇਜਿਆ ਹੈ ਉਸ ਦੀ ਕਰਮ ਰੂਪੀ ਅਵਸਥਾ ਵਾਸਤਵ ਵਿੱਚ ਇਹਨਾਂ ਵਿੱਚ ਪਾਈ ਜਾਂਦੀ ਸੀ । ਇਹਨਾਂ ਦੀਆਂ ਗਲੱਾਂ ਸੁਣਕੇ ਇਹ ਵਿਸ਼ਵਾਸ ਪੈਦਾ ਹੁੰਦਾ ਹੈ ਕਿ ਇਸ ਜ਼ਮਾਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਜੁੜਕੇ ਹੀ ਬੰਦੇ ਅਤੇ ਰੱਬ ਵਿੱਚ ਹਕੀਕੀ ਸੰਬੰਧ ਪੈਦਾ ਕਰਨ ਦਾ ਸਲੀਕਾ ਸਾਨੂੰ ਆ ਸਕਦਾ ਹੈ ਅਤੇ ਰੱਬ ਦੇ ਜੀਉਂਦਾ ਹੋਣ ਉਪੱਰ ਕਾਮਲ ਯਕੀਨ ਅਤੇ ਉਸ ਦੀ ਰਜ਼ਾ'ਤੇ ਰਾਜ਼ੀ ਰਹਿਣ ਦੇ ਉਚੱਤਮ ਮਿਆਰ ਹਾਸਲ ਹੋ ਸਕਦੇ ਹਨ ।

ਇਹਨਾ ਵਿੱਚੋਂ ਇਕ ਹਨ ਸਾਡੇ ਮੁਬਲੱਗ਼ (ਪ੍ਰਚਾਰਕ) ਜ਼ੁਲਫ਼ਿਕਾਰ ਅਹਮਦ ਡਾਮਾਨਕ ਸਾਹਬ ਰੀਜਨਲ ਮੁਬਲੱਗ਼ ਇੰਡੋਨੇਸ਼ੀਆ ਦੇ, ਜਿੰਨ੍ਹਾ ਦਾ 21 ਅਪ੍ਰੈਲ ਨੂੰ 42 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। (انا للہ وانا الیہ راجعون) ਮਰਹੂਮ ਦੇ ਪਰਿਵਾਰ ਵਿੱਚ ਅਹਮਦੀਅਤ ਇਹਨਾ ਦੇ ਦਾਦਾ ਰਾਹੀਂ ਆਈ ਸੀ । ਮਰਹੂਮ ਨੇ 1997 ਈ. ਤੋਂ 2002 ਈ. ਤੱਕ ਜਾਮਿਆ ਅਹਮਦੀਆ ਇੰਡੋਨੇਸ਼ੀਆ ਵਿੱਚ ਵਿਦਿਆ ਪ੍ਰਾਪਤ ਕੀਤੀ। ਇਹਨਾਂ ਨੂੰ ਅਠਾਰ੍ਹਾਂ ਸਾਲ ਤੱਕ ਵੱਖ ਵੱਖ ਥਾਵਾਂ'ਤੇ ਮੁਬਲੱਗ਼ (ਪ੍ਰਚਾਰਕ) ਦੇ ਰੂਪ ਵਿੱਚ ਜਮਾਤ ਦੀ ਸੇਵਾ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਪਿਛੋਕੜ ਵਿੱਚ ਪਤਨੀ ਤੋਂ ਬਿਨਾ ਚਾਰ ਬੱਚੇ ਹਨ ਜੋ ਵਕਫ਼ੇ ਨਓ ਦੀ ਸਕੀਮ ਵਿੱਚ ਸ਼ਾਮਲ ਹਨ ।

ਸਾਡੇ ਮੁਬਲਗ਼ ਮਿਅਰਾਜ ਦੀਨ ਸਾਹਬ ਲਿਖੱਦੇ ਹਨ ਕਿ ਜ਼ੁਲਫ਼ਿਕਾਰ ਸਾਹਬ ਬਹੁਤ ਹੀ ਸਫ਼ਲ ਤੇ ਮਿਹਨਤੀ ਪ੍ਰਚਾਰਕ ਸਨ ਜਿੱਥੇ ਵੀ ਇਹਨਾਂ ਦੀ ਪੋਸਟਿੰਗ ਹੁੰਦੀ ਸੀਖ ਸਿੱਖਿਆ ਤੇ ਸੁਧਾਰ ਲਈ ਰਾਬਤੇ ਬਣਾਉਦੇ ਅਤੇ ਪ੍ਰਚਾਰਕ ਕੰਮਾ ਨੂੰ ਅਤਿਅੰਤ ਉਮਦਾ ਢੰਗ ਨਾਲ ਨੇਪਰੇ ਚਾੜ੍ਹਦੇ ਸਨ । ਕਦੇ ਕਿਸੇ ਚੀਜ਼ ਦੀ ਮੰਗ ਨਹੀਂ ਕਰਦੇ ਸਨ ਸਗੋਂ ਹਮੇਸ਼ਾ ਦੁਆ ਕਰਨ ਦੀ ਤਲਕੀਨ ਕਰਿਆ ਕਰਦੇ ਸਨ ਅਤੇ ਇਹੋ ਉਹ ਵਿਸ਼ੇਸ਼ਤਾ ਹੈ ਜੋ ਇਕ ਜੀਵਨ ਵਕਫ਼ ਦੀ ਆਤਮਾ ਹੈ ਅਤੇ ਉਸ ਵਿੱਚ ਹੋਣੀ ਚਾਹੀਦੀ ਹੈ ਕਿ ਜੇਕਰ ਕੁਝ ਮੰਗਣਾ ਹੈ ਤਾਂ ਰੱਬ ਤੋਂ ਮੰਗੇ ਅਤੇ ਕਦੇ ਡਿਮਾਂਡ ਨ ਕਰੇ ਅਤੇ ਇਹ ਅਤਿਅੰਤ ਜ਼ਰੂਰੀ ਵਿਸ਼ੇਸ਼ਤਾ ਹੈ ਜੋ ਹਰ ਜੀਵਨ ਵਕਫ਼ ਨੂੰ ਅਪਨਾਉਣ ਦਾ ਜਤਨ ਕਰਨਾ ਚਾਹੀਦਾ ਹੈ ।

ਆਸਿਫ਼ ਮੁਈਨ ਸਾਹਬ ਮੁਰੱਬੀ ਜਮਾਤ ਲਿਖੱਦੇ ਹਨ ਕਿ ਅਤਿਅੰਤ ਨੇਕ ਇਨਸਾਨ ਸਨ ਅਤੇ ਆਗਿਆਕਾਰ ਸਨ । ਬਿਮਾਰੀ ਦੇ ਦਿਨਾਂ ਵਿੱਚ ਵੀ ਜਮਾਤ ਦੀ ਸੇਵਾ ਨੂੰ ਪਹਿਲ ਦਿੰਦੇ ਸਨ । ਇਹ ਡਾਇਲਿਸਿਜ਼'ਤੇ ਸਨ । ਇਸ ਅਵਸਥਾ ਵਿੱਚ ਵੀ ਇਕ ਲੋਕਲ ਇਜਲਾਮ (ਸਮਾਗਮ) ਵਿੱਚ ਸ਼ਾਮਲ ਹੋਏ । ਉੱਥੋਂ ਦੇ ਖ਼ਾਦਿਮ ਨੇ ਜੱਦ ਆਪ ਨੂੰ ਪੁੱਛਿਆ ਕਿ ਆਪਨੇ ਐਨ੍ਹਾ ਕਸ਼ਟ ਕਿਉਂ ਚੁੱਕਿਆ ਤਾਂ ਇਸ'ਤੇ ਆਪ ਨੇ ਉਸਨੂੰ ਉਤੱਰ ਦਿਤੱਾ ਕਿ ਜੱਦ ਤੱਕ ਜਾਨ ਹੈ ਮੈਂ ਜਮਾਤ ਦੇ ਸਾਰਿਆਂ ਪ੍ਰੋਗਰਾਮਾ ਵਿੱਚ ਸ਼ਾਮਲ ਹੋਣ ਦਾ ਜਤਨ ਕਰਦਾ ਰਹਾਂਗਾ । ਬੇਸ਼ਕ ਮੈਂ ਬਿਮਾਰ ਵੀ ਹਾਂ ਪਰ ਮੇਰੀ ਇਛੱਾ ਹੈ ਕਿ ਮੈਂ ਹਮੇਸ਼ਾਂ ਦੀਨ ਦੇ ਕੰਮਾਂ ਵਿੱਚ ਲੀਨ ਰਹਾਂ । ਇਹ ਹੈ ਜੀਵਨ ਵਕਫ਼ ਦੀ ਭਾਵਨਾ ਜੋ ਹਰ ਇਕ ਜੀਵਨ ਵਕਫ਼ ਵਿੱਚ ਹੋਣੀ ਚਾਹੀਦਾ ਹੈ, ਨ ਇਹ ਕਿ ਨਿੱਕੀ ਨਿੱਕੀ ਗੱਲ'ਤੇ ਪਰੇਸ਼ਾਨੀਆ ਦਿਖਾਉਂਣੀਆਂ ਸ਼ੁਰੂ ਹੋ ਜਾਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬਹੁਤ ਪੱਕੇ ਨਿਸ਼ਚੇ ਅਤੇ ਵਫ਼ਾਦਾਰੀ ਨਾਲ ਆਪਣੇ ਵਕਫ਼ ਨੂੰ ਨਿਭਾਉਣ ਵਾਲੇ ਸਨ । ਅਲੱਾਹ ਤਆਲਾ ਇਹਨਾ ਦੇ ਦਰਜਿਆਂ ਨੂੰ ਬੁਲੰਦ ਕਰੇ । ਇਹਨਾ ਨੇ ਆਪਣੇ ਬੈਅਤ ਦੇ ਅਹਿਦ ਨੂੰ ਵੀ ਨਿਭਾਇਆ ਅਤੇ ਵਕਫ਼ ਦੇ ਅਹਿਦ ਨੂੰ ਵੀ ਸੁੰਦਰਤਾ ਨਾਲ ਨਿਭਾਇਆ । ਅਲੱਾਹ ਤਆਲਾ ਇਹਨਾ ਦੇ ਦਰਜਿਆਂ ਨੂੰ ਬੁਲੰਦ ਕਰਦਾ ਚਲਾ ਜਾਏ । ਇਹਨਾ ਦੀ ਪਤਨੀ ਅਤੇ ਬੱਚਿਆਂ ਨੂੰ ਆਪਣੀ ਸੁਰੱਖਿਆ ਵਿੱਚ ਰੱਖੇ ਅਤੇ ਆਪ ਇਹਨਾ ਦਾ ਸਹਾਈ ਹੋਵੇ ।

ਦੂਸਰੇ ਮਰਹੂਮ ਹਨ ਡਾਕਟਰ ਪੀਰ ਮੁਹਮੱਦ ਨਕੀਉਦੀਨ ਸਾਹਬ ਇਸਲਾਮਾਬਾਦ ਪਾਕਿਸਤਾਨ ਤੋਂ । ਜਿੰਨ੍ਹਾ ਦਾ 18 ਅਪ੍ਰੈਲ ਨੂੰ ਦੇਹਾਂਤ ਹੋ ਗਿਆ ਹੈ । (انا للہ وانا الیہ راجعون) ਦੇਹਾਂਤ ਤੋਂ ਹਫ਼ਤਾ ਦੱਸ ਦਿਨ ਪਹਿਲਾਂ ਇਹਨਾ ਨੂੰ ਕਰੋਨਾ ਵਾਇਰਸ ਦੇ ਲਛੱਣ ਪ੍ਰਕਟ ਹੋਏ ਅਤੇ 18 ਅਪ੍ਰੈਲ ਨੂੰ ਸ਼ਾਮ ਸਮੇਂ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਗਏ । ਪਿਛੋਕੜ ਵਿੱਚ ਪਤਨੀ ਤੋਂ ਬਿਨਾ ਇਕ ਪੁਤੱਰ ਅਤੇ ਚਾਰ ਬੇਟੀਆਂ ਹਨ । ਮਰਹੂਮ ਦੇ ਦਾਦਕੇ ਤੇ ਨਾਨਕੇ ਸਾਰੇ ਹੀ ਸਹਾਬਾ ਹਜ਼ਰਤ ਮਸੀਹ ਮੋਊਦ ਅਲੈਹਿ ਦੀਆਂ ਸੰਤਾਨ ਵਿੱਚੋਂ ਹਨ । ਭਾਰਤ ਵੰਡ

ਸਮੇਂ ਆਪ ਇਕ ਸਾਲ ਦੇ ਸਨ । 1970 ਈ. ਵਿੱਚ ਐਮ.ਬੀ.ਬੀ.ਐਸ. ਕੀਤੀ ਫਿਰ ਇਸਲਾਮਾਬਾਦ ਵਿੱਚ ਆਪਣਾ ਕਲੀਨਿਕ ਖੋਲਿਆ ਅਤੇ ਬੀਤੇ ਪੰਝੀ ਤੀਹ ਸਾਲ ਤੋਂ ਆਪਣਾ ਕਲੀਨਿਕ ਚਲਾ ਰਹੇ ਸਨ । ਰੱਬ ਦੀ ਮਿਹਰ ਨਾਲ ਬਹੁਤ ਸਫ਼ਲ ਸੀ ਗ਼ਰੀਬਾਂ ਦੀ ਬਹੁਤ ਸੇਵਾ ਕਰਦੇ ਸਨ ।

ਅਮੀਰ ਜਮਾਤ ਇਸਲਾਮਾਬਾਦ ਲਿਖੱਦੇ ਹਨ ਕਿ ਡਾਕਟਰ ਪੀਰ ਮੁਹਮੱਦ ਨਕੀਉਦੀਨ ਸਾਹਬ ਬੀਤੇ ਬਾਰ੍ਹਾਂ ਸਾਲ ਤੋਂ ਵੱਧੱ ਸਮੇਂ ਤੋਂ ਜਮਾਤ ਅਹਮਦੀਆ ਇਸਲਾਮਾਬਦ ਵਿੱਚ ਕਾਜ਼ੀ ਦੇ ਉਹਦੇ ਉਪੱਰ ਸੇਵਾ ਪ੍ਰਦਾਨ ਕਰ ਰਹੇ ਸਨ । ਆਪਦੇ ਫ਼ੈਸਲੇ ਹਮੇਸ਼ਾ ਕੁਰਆਨ ਤੇ ਸੁਨੱਤ ਦੇ ਚਾਨ੍ਹਣੇ ਵਿੱਚ ਹੋਇਆ ਕਰਦੇ ਸਨ ਜੋ ਦੋਹਾਂ ਧਿਰਾਂ ਲਈ ਆਤਿਅੰਤ ਤਸੱਲੀ ਦਾ ਸਬਬ ਹੁੰਦਾ ਸੀ । ਬਹੁਤ ਖ਼ੁਸ਼ਦਿਲ ਤੇ ਮਿਲਨਸਾਰ ਪਿਆਰ ਕਰਨ ਵਾਲੇ ਹਮਦਰਦ, ਗ਼ਰੀਬ ਪਰਵਰ ਅਤੇ ਹਰਮਨ ਪਿਆਰੇ ਵਿਅਕਤੀਤਵ ਦੇ ਮਾਲਕ ਸਨ । ਹਰ ਇਕ ਨਾਲ ਮੁਸਕਰਾਉਂਦੇ ਮੁਖੜੇ ਨਾਲ ਮਿਲਦੇ । ਰੱਬ ਦੀ ਮਖ਼ਲੂਕ ਦੀ ਸੇਵਾ ਵਿੱਚ ਹਮੇਸ਼ਾ ਮੋਹਰੇ ਰਹਿੰਦੇ । ਜਮਾਤ ਦੇ ਗ਼ਰੀਬਾਂ ਅਤੇ ਲੋੜਵੰਦਾ ਲਈ ਹਮੇਸ਼ਾ ਆਪਦਾ ਕਲੀਨਿਕ ਖ਼ੁਲੱਾ ਰਹਿੰਦਾ ਸੀ ।

ਇਹਨਾ ਦੀ ਪਤਨੀ ਦਸੱਦੀ ਹਨ ਕਿ ਮੇਰੇ ਪਤੀ ਅਤਿਅੰਤ ਨੇਕ ਤੇ ਫ਼ਿਦਾਈ ਅਹਮਦੀ ਸਨ । ਇਹ ਅਤਿਅੰਤ ਆਗਿਆਕਾਰ ਪੁਤੱਰ ਸਨ, ਉਧਾਰਣ ਯੋਗ ਪਤੀ ਸਨ, ਮਿਹਰਵਾਨ ਤੇ ਪ੍ਰੇਮੀ ਪਿਤਾ ਸਨ ਅਤੇ ਭੈਣਾ ਭਰਾਵਾਂ ਦਾ ਖ਼ਿਆਲ ਰਖੱਣ ਵਾਲੇ ਲੋਕਭਲਾਈ ਵਾਲੇ ਵਿਅਕਤੀ ਸਨ । ਜੀਉਂਦੇ ਰੱਬ ਨਾਲ ਬਹੁਤ ਡੂੰਘਾ ਸੰਬੰਧ ਸੀ, ਬਹੁਤ ਦੁਆਵਾਂ ਕਰਨ ਵਾਲੇ ਸਨ । ਇਹਨਾਂ ਦੇ ਬੇਟੀ ਵਰਦਾ ਕਹਿੰਦੀ ਹਨ ਕਿ ਬਚਪੁਨੇ ਤੋਂ ਹੀ ਸਾਨੂੰ ਨਮਾਜ਼, ਕੁਰਆਨ ਤੇ ਰੋਜ਼ੇ ਰਖੱਣ ਅਤੇ ਸਮੇਂ ਸਿਰ ਚੰਦਾ ਦੇਣ ਅਤੇ ਦਾਨ ਤੇ ਖ਼ੈਰਾਤ ਦੇਣ ਦੀ ਆਦਤ ਪਾਈ । ਆਪ ਦੇ ਬੇਟੇ ਪੀਰ ਮੁਹੀਉਦੀਨ ਸਾਹਬ ਕਹਿੰਦੇ ਹਨ ਕਿ ਮੈਂ ਸੁਪਨੇ ਵਿੱਚ ਦੇਖਿਆ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਸਾਡੇ ਘਰ ਲਾਉਂਜ ਵਿੱਚ ਦਰਸ ਦੇ ਰਹੇ ਹਨ ਅਤੇ ਮੈਂਨੂੰ ਸੰਬੋਧਨ ਹੋਕੇ ਫ਼ਰਮਾਇਆ ਕਿ ਤੁਹਾਡਾ ਬਾਪ ਵਲੀਉਲੱਾਹ ਹੈ । ਅਲੱਾਹ ਤਆਲਾ ਮਰਹੂਮ ਦੇ ਦਰਜਿਆਂ ਨੂੰ ਬੁਲੰਦ ਕਰੇ ।

ਅਗਲਾ ਜ਼ਿਕਰ ਹੈ ਮੁਕਰੱਮ ਗ਼ੁਲਾਮ ਮੁਸਤਫ਼ਾ ਸਾਹਬ ਦਾ ਹੈ ਜੋ ਲੰਦਨ ਵਿੱਚ ਰਹਿੰਦੇ ਸਨ । ਦਫ਼ਤਰ ਪ੍ਰਾਈਵੇਟ ਸੈਕ੍ਰੇਟਰੀ ਦੇ ਰਜ਼ਾਕਾਰ ਕਾਰਕੁਨ ਸਨ । 25 ਅਪ੍ਰੈਲ ਨੂੰ ਇਹਨਾ ਦਾ ਦੇਹਾਂਤ ਹੋਇਆ ਹੈ । (اناللہوانا الیہراجعون) 1983 ਈ ਵਿੱਚ ਇਹਨਾ ਨੇ ਬੈਅਤ ਕੀਤੀ ਸੀ । ਜੀਵਨ ਵਕਫ਼ ਤਾਂ ਨਹੀਂ ਸਨ ਪਰ ਇਕ ਜੀਵਨ ਵਕਫ਼ ਵਾਂਗ ਇਹ ਕੰਮ ਕਰਦੇ ਰਹੇ । ਬਹੁਤ ਵਫ਼ਾਦਾਰੀ ਨਾਲ ਇਹਨਾਂ ਨੇ ਜੋ ਰੱਬ ਨਾਲ ਵਕਫ਼ ਦਾ ਪ੍ਰਣ ਕੀਤਾ ਸੀ ਉਸ ਨੂੰ ਪੂਰਾ ਕੀਤਾ ਹੈ । 1993 ਈ. ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਨੇ ਪੀ.ਐਸ ਆਫ਼ਿਸ ਵਿੱਚ ਇਹਨਾ ਨੂੰ ਡਿਊਟੀ ਦਿੱਤੀ ਅਤੇ ਉਸ ਸਮੇਂ ਤੋਂ ਲੈਕੇ ਹੁਣ ਤੱਕ ਬਹੁਤ ਹੀ ਸੁਚੱਜੇ ਰੂਪ ਵਿੱਚ ਇਹ ਆਪਣੀ ਡਿਊਟੀ ਨਿਭਾਉਂਦੇ ਰਹੇ । ਮਰਹੂਮ ਮੂਸੀ ਸਨ ।

ਇਹਨਾ ਦੀ ਪਤਨੀ ਮਹਮੂਦਾ ਮੁਸਤਫ਼ਾ ਸਾਹਿਬਾ ਲਿੱਖਦੀ ਹਨ ਕਿ ਮੇਰਾ ਤੇ ਮੁਸਤਫ਼ਾ ਸਾਹਬ ਦਾ ਲਗਭਗ 34 ਸਾਲ ਦਾ ਸਾਥ ਰਿਹਾ ਹੈ ਇਹਨਾ ਸਾਲਾਂ ਵਿੱਚ ਮੈਂ ਗਵਾਹੀ ਦੇ ਸਕਦੀ ਹਾਂ ਕਿ ਇਹਨਾ ਦਾ ਹਰ ਕਦਮ ਰੱਬ ਲਈ ਹੁੰਦਾ ਸੀ । ਇਕ ਨੇਕ ਪਤੀ, ਪਿਤਾ, ਭਰਾ ਅਤੇ ਮਿਤੱਰ ਸਨ । ਆਪਣੇ ਰਿਸ਼ਤਿਆਂ ਨੂੰ ਨਿਭਾਉਣ ਵਾਲੇ । ਖ਼ਿਲਾਫ਼ਤ'ਤੇ ਮਰ ਮਿਟਣ ਵਾਲੇ ਵਿਅਕਤੀ ਸਨ । ਮਾਲੀ ਕੁਰਬਾਨੀ ਦਾ ਬਹੁਤ ਸ਼ੌਕ ਸੀ । ਇਹਨਾਂ ਦੀ ਬੇਟੀ ਸੋਬੀਆ ਮੁਸਤਫ਼ਾ ਕਹਿੰਦੀ ਹਨ ਕਿ ਮੇਰੇ ਪਿਤਾ ਦੇ ਜੀਵਨ ਦਾ ਉਦੇਸ਼ ਰੱਬ ਦੇ ਵੁਜੂਦ ਅਤੇ ਉਸ ਵੱਲੋਂ ਬਣਾਏ ਖ਼ਿਲਾਫ਼ਤ ਦੇ ਨਿਜ਼ਾਮ (ਵਿਵਸਥਾ) ਨਾਲ ਪ੍ਰੇਮ ਕਰਨਾ ਸੀ । ਗ਼ਰੀਬਾਂ ਦੀ ਬਹੁਤ ਮਦਦ ਕਰਿਆ ਕਰਦੇ ਸਨ । ਆਪਣੀ ਬਿਮਾਰੀ ਦੇ ਦਿਨਾਂ ਤੋਂ ਪਹਿਲਾਂ ਉਹਨਾ ਨੇ ਮੈਂਨੂੰ ਆਖ਼ਰੀ ਨਸੀਹਤ ਕੀਤੀ ਕਿ

ਹਮੇਸ਼ਾ ਜਮਾਤ ਨਾਲ ਜੁੜੇ ਰਹਿਣਾ, ਨਮਾਜ਼ਾਂ ਪੜ੍ਹਨਾ ਅਤੇ ਕੁਰਆਨ ਕਰੀਮ ਦੀ ਤਲਾਵਤ ਬਕਾਇਦਗੀ ਨਾਲ ਕਰਦੇ ਰਹਿਣਾ ਤਾਂ ਰੱਬ ਹਮੇਸ਼ਾ ਸਾਥ ਦੇਵੇਗਾ । ਸਾਨੂੰ ਤਲਕੀਨ ਕਰਦੇ ਕਿ ਚੰਦੇ ਦੇਣ ਵਿੱਚ ਕਦੇ ਵੀ ਦੇਰੀ ਨਹੀਂ ਕਰਨੀ ਅਤੇ ਆਪ ਮਹੀਨੇ ਦੇ ਪਹਿਲੇ ਦਿਨ ਹੀ ਆਪਣਾ ਚੰਦਾ ਦੇ ਦਿੰਦੇ ਸਨ । ਅਤੇ ਕਹਿੰਦੇ ਸਨ ਕਿ ਇਹ ਨ ਸੋਚਣਾ ਕਿ ਜਮਾਤ ਨੂੰ ਸਾਡੇ ਚੰਦਿਆਂ ਦੀ ਲੋੜ ਹੈ ਸਗੋਂ ਚੰਦੇ ਦੇਣ ਨਾਲ ਅਸੀਂ ਰੱਬ ਦੀਆਂ ਨੇਮਤਾਂ ਨੂੰ ਸਮੇਟ ਸਕਦੇ ਹਾਂ।

ਡਾਕਟਰ ਇਬ੍ਰਾਹੀਮ ਨਾਸਿਰ ਭੱਟੀ ਸਾਹਬ ਕਹਿੰਦੇ ਹਨ ਕਿ ਕਰੋਨਾ ਵਾਇਰਸ ਦੀ ਬਿਮਾਰੀ ਦੀ ਤੀਬਰਤਾ ਕਰਕੇ ਇਹਨਾ ਨੂੰ ਸੀ.ਪੀ.ਏ.ਸੀ. ਲਾਗਾਉਣ ਦੀ ਲੋੜ ਪੈਂਦੀ ਸੀ ਜਿਸ ਦੇ ਸਬਬ ਖ਼ਤਰਨਾਕ ਅਵਸਥਾ ਬਣ ਜਾਂਦੀ ਹੈ । ਜੱਦ ਇਹਨਾ ਨੂੰ ਕਸ਼ਟ ਅਨੁਭਵ ਹੋਣ ਲਗੱਦਾ ਤਾਂ ਇਹਨਾ ਦੇ ਘਰ ਵਾਲੇ ਇਹਨਾ ਨੂੰ ਆਣਕੇ ਕਹਿੰਦੇ ਕਿ ਸਮੇਂ ਦੇ ਖ਼ਲੀਫ਼ਾ ਸਾਹਬ ਦਾ ਸੰਦੇਸ਼ ਹੈ ਕਿ ਡਾਕਟਰਾਂ ਦੇ ਨਿਰਦੇਸ਼ ਅਨੁਸਾਰ ਅਮਲ ਕਰਨ । ਜੱਦ ਇਹਨਾ ਨੂੰ ਮੇਰਾ ਇਹ ਸੰਦੇਸ਼ ਮਿਲਦਾ ਤਾਂ ਅਚਾਨਕ ਰਿਲੈਕਸ ਹੋ ਜਾਂਦੇ ।

ਅਲੱਾਹ ਤਆਲਾ ਇਹਨਾਂ ਸਾਰਿਆਂ ਮਰਹੂਮੀਨ ਦੇ ਦਰਜਿਆਂ ਨੂੰ ਬੁਲੰਦ ਕਰੇ, ਜਿਹੜੀ ਵਫ਼ਾਦਾਰੀ ਇਹਨਾ ਨੇ ਰੱਬ ਅਤੇ ਉਸ ਦੇ ਦੀਨ (ਧਰਮ) ਨਾਲ ਕੀਤੀ ਹੈ ਅਤੇ ਜਿਸ ਪ੍ਰਕਾਰ ਆਪਣੇ ਬੈਅਤ ਦੇ ਅਹਿਦ ਨੂੰ ਨਿਭਾਉਣ ਦਾ ਜਤਨ ਕੀਤਾ ਹੈ, ਰੱਬ ਇਸ ਤੋਂ ਵਧੱਕੇ ਇਹਨਾ ਨਾਲ ਪਿਆਰ ਦਾ ਸੁਲੂਕ ਕਰੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਿਵੇਂ ਕਿ ਫ਼ਰਮਾਇਆ ਸੀ, ਇਹ ਲੋਕ ਸ਼ਹੀਦਾਂ ਵਿੱਚ ਸ਼ਾਮਲ ਹਨ । ਅਲੱਾਹ ਤਆਲਾ ਇਹਨਾ ਦੀਆਂ ਸਨਤਾਨਾਂ ਨੂੰ ਵੀ ਆਪਣੀ ਸੁਰੱਖਿਆ ਤੇ ਅਮਾਨ ਵਿੱਚ ਰੱਖੇ ਅਤੇ ਇਹਨਾ ਦੀਆਂ ਨੇਕੀਆਂ ਆਪਨਾਉਣ ਅਤੇ ਜਾਰੀ ਰਖੱਣ ਦਾ ਸੰਜੋਗ ਪ੍ਰਦਾਨ ਕਰੇ । ਰੱਬ ਨਾਲ ਸੰਬੰਧ ਪੈਦਾ ਕਰਨ ਵਾਲੇ ਹੋਣ ਅਤਾ ਜਮਾਤ ਅਤੇ ਖ਼ਿਲਾਫ਼ਤ ਨਾਲ ਹਮੇਸ਼ਾ ਵਫ਼ਾਦਾਰੀ ਦਾ ਸੰਬੰਧ ਰਖੱਣ ਵਾਲੇ ਹੋਣ ਅਤੇ ਜੋ ਮਾਪਿਆਂ ਨੇ ਇਹਨਾ ਲਈ ਦੁਆਵਾਂ ਕੀਤੀਆਂ ਹਨ ਇਹਨਾ ਨੂੰ ਹਮੇਸ਼ਾ ਇਹਨਾ ਦੇ ਹੱਕ ਵਿੱਚ ਪਰਵਾਨ ਕਰਦਾ ਰਹੇ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَاَشْھَدُ اَنْ لَّا اِلٰہَ اِلَّا اللّٰہُ وَحْدَہٗ لَا شَرِیْکَ لَہٗ وَاَشْھَدُ اَنَّ مُحَمَّدًا عَبْدُہٗ وَرَسُوْلُہٗ۔ عِبَادَ اللّٰہِ رحمکم اللہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ فَاذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

★★★★★

**Khulasa Khutba Jumma 01.05.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131